# ਬੂਸਟਰ ਸਮੱਗਰੀ

## ਬੂਸਟਰ: ਇਹ ਕੀ ਹੁੰਦਾ ਹੈ?

ਬੂਸਟਰ ਵੈਕਸੀਨ ਦੀ ਇੱਕ ਵਾਧੂ ਡੋਜ਼ ਹੁੰਦੀ ਹੈ। ਇਹ ਤੁਹਾਡੀ ਇਮਿਊਨ ਸ਼ਕਤੀ ਨੂੰ ਵਧਾਉਣ ਅਤੇ ਕੋਵਿਡ -19 ਦੇ ਗੰਭੀਰ ਰੂਪਾਂ ਤੋਂ ਸੁਰੱਖਿਆ ਦੀ ਮਿਆਦ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ।

## ਬੂਸਟਰ: ਜੇ ਮੇਰੇ 2 ਡੋਜ਼ਾਂ ਲੱਗੀਆਂ ਹਨ ਅਤੇ ਮੈਨੂੰ ਕੋਵਿਡ-19 ਹੋ ਗਿਆ ਹੈ, ਤਾਂ ਕੀ ਮੈਨੂੰ ਅਜੇ ਵੀ ਬੂਸਟਰ ਲਗਵਾਉਣ ਦੀ ਲੋੜ ਹੈ?

ਹਾਂ। ਲਾਗ ਕੁਝ ਸੁਰੱਖਿਆ ਪ੍ਰਦਾਨ ਕਰਦੀ ਹੈ, ਪਰ ਟੀਕਾਕਰਣ ਇਮਿਊਨ ਸ਼ਕਤੀ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ ਅਤੇ ਬਿਹਤਰ ਅਤੇ ਲੰਬੇ ਸਮੇਂ ਤੱਕ ਸੁਰੱਖਿਆ ਪ੍ਰਦਾਨ ਕਰਦਾ ਹੈ।

ਟੀਕਾਕਰਣ ਬਾਰੇ ਰਾਸ਼ਟਰੀ ਸਲਾਹਕਾਰ ਕਮੇਟੀ ਤੁਹਾਨੂੰ ਤੁਹਾਡੀ ਕੋਵਿਡ-19 ਦੀ ਲਾਗ ਦੇ 3 ਮਹੀਨੇ ਬਾਅਦ ਜਾਂ ਆਖਰੀ ਡੋਜ਼ ਤੋਂ ਘੱਟੋ-ਘੱਟ 6 ਮਹੀਨੇ ਬਾਅਦ ਬੂਸਟਰ ਲਗਵਾਉਣ ਦੀ ਸਿਫ਼ਾਰਿਸ਼ ਕਰਦੀ ਹੈ।

ਇਸ ਸਮੱਗਰੀ ਦਾ ਉਦੇਸ਼ ਪੇਸ਼ੇਵਰ ਸਲਾਹ ਜਾਂ ਦੇਖਭਾਲ ਦਾ ਬਦਲ ਬਣਨਾ ਨਹੀਂ ਹੈ। ਆਪਣੇ ਸਵਾਲਾਂ ਦੇ ਜਵਾਬ ਲਈ ਹਮੇਸ਼ਾ ਕਿਸੇ ਮੈਡੀਕਲ ਪੇਸ਼ੇਵਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੀਆਂ ਸੇਵਾਵਾਂ ਲਓ।

*Financial contribution from*
*Avec le financement de*

Public Health Agency of Canada | Agence de la santé publique du Canada

Metropolis Institute - Institut

MedComm (ਮੈਕਗਿਲ ਮੈਡੀਕਲ ਸਟੂਡੈਂਟਸ ਸੁਸਾਇਟੀ ਦਾ ਇੱਕ ਆਊਟਰੀਚ ਕਲੱਬ) ਦੁਆਰਾ ਪ੍ਰਮਾਣਿਤ।

Vaccine Uptake Network • Réseau Adhésion Vaccination

**ਹੋਰ ਜਾਣਨਾ ਚਾਹੁੰਦੇ ਹੋ?**

- "Get a booster dose" (April, 2022)
- "COVID-19 Vaccine Boosters" (April, 2022)

# ਬੂਸਟਰ ਸਮੱਗਰੀ

## ਬੂਸਟਰ: ਮੈਨੂੰ ਇਸਦੀ ਲੋੜ ਕਿਉਂ ਹੈ?

ਵੈਕਸੀਨਾਂ ਬੀਮਾਰੀ ਦੇ ਗੰਭੀਰ ਰੂਪਾਂ ਤੋਂ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਪਰ ਇਹ ਸੁਰੱਖਿਆ ਸਮੇਂ ਦੇ ਨਾਲ ਘਟ ਸਕਦੀ ਹੈ। ਬੂਸਟਰ ਕੋਵਿਡ-19 ਦੇ ਗੰਭੀਰ ਲੱਛਣਾਂ ਤੋਂ ਲੰਬੇ ਸਮੇਂ ਤੱਕ ਸੁਰੱਖਿਆ ਕਰਨ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।

## ਬੂਸਟਰ: ਚੌਥੇ ਟੀਕੇ ਬਾਰੇ ਗੱਲ ਕਿਉਂ ਹੋ ਰਹੀ ਹੈ? ਇਹ ਕਦੋਂ ਖ਼ਤਮ ਹੋਵੇਗਾ?

ਵੈਕਸੀਨ ਬੀਮਾਰੀ ਦੇ ਗੰਭੀਰ ਰੂਪਾਂ ਤੋਂ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੀ ਰਹਿੰਦੀ ਹੈ, ਪਰ ਇਹ ਸਮੇਂ ਦੇ ਨਾਲ ਘਟਦੀ ਜਾਂਦੀ ਹੈ, ਖ਼ਾਸ ਤੌਰ ’ਤੇ ਜਦੋਂ ਇਸਦੇ ਨਵੇਂ ਰੂਪ ਪੈਦਾ ਹੁੰਦੇ ਹਨ।

ਇਸ ਲਈ ਵਾਧੂ ਬੂਸਟਰ ਦੀ ਲੋੜ ਪੈ ਸਕਦੀ ਹੈ, ਖ਼ਾਸ ਤੌਰ ’ਤੇ ਕਮਜ਼ੋਰ ਲੋਕਾਂ ਲਈ, ਉਦਾਹਰਨ ਵਜੋਂ ਬਜ਼ੁਰਗ।

## ਕੋਵਿਡ-19 ਦੇ ‘ਗੰਭੀਰ ਲੱਛਣ’ ਕਿਹੜੇ ਹੁੰਦੇ ਹਨ?

ਕੋਵਿਡ-19 ਦੇ ਗੰਭੀਰ ਮਾਮਲਿਆਂ ਵਿੱਚ ਗੰਭੀਰ ਨਿਮੋਨੀਆ, ਅੰਗਾਂ ਦਾ ਫੇਲ ਹੋ ਜਾਣਾ ਅਤੇ ਸੰਭਾਵਿਤ ਮੌਤ ਸ਼ਾਮਲ ਹਨ। ਕੁਝ ਲੋਕਾਂ ਨੂੰ ਕੋਵਿਡ-19 ਦੇ ਹਲਕੇ ਲੱਛਣ ਹੁੰਦੇ ਹਨ। ਬਹੁਤੇ ਇੰਨੇ ਖੁਸ਼ਕਿਸਮਤ ਨਹੀਂ ਹੁੰਦੇ। ਗੰਭੀਰ ਲੱਛਣਾਂ ਵਿੱਚ ਸ਼ਾਮਲ ਹਨ:

- ਸਾਹ ਲੈਣ ਵਿੱਚ ਮੁਸ਼ਕਲ ਜਾਂ ਸਾਹ ਦੀ ਗੰਭੀਰ ਤਕਲੀਫ਼
- ਛਾਤੀ ਵਿੱਚ ਲਗਾਤਾਰ ਦਬਾਅ ਜਾਂ ਦਰਦ
- ਉਲਝਣ
- ਜਾਗਣ ਜਾਂ ਜਾਗਦੇ ਰਹਿਣ ਵਿੱਚ ਮੁਸ਼ਕਲ
- ਚਮੜੀ, ਬੁੱਲ੍ਹ ਜਾਂ ਨਹੁੰਆਂ ਦੇ ਸਿਰਿਆਂ ਦਾ ਜ਼ਰਦ, ਸਲੇਟੀ ਜਾਂ ਨੀਲਾ ਹੋ ਜਾਣਾ।
- ਜੇਕਰ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਲੱਛਣ ਹਨ, ਤਾਂ 911 ’ਤੇ ਕਾਲ ਕਰੋ।

ਇਸ ਸਮੱਗਰੀ ਦਾ ਉਦੇਸ਼ ਪੇਸ਼ੇਵਰ ਸਲਾਹ ਜਾਂ ਦੇਖਭਾਲ ਦਾ ਬਦਲ ਬਣਨਾ ਨਹੀਂ ਹੈ। ਆਪਣੇ ਸਵਾਲਾਂ ਦੇ ਜਵਾਬ ਲਈ ਹਮੇਸ਼ਾ ਕਿਸੇ ਮੈਡੀਕਲ ਪੇਸ਼ੇਵਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੀਆਂ ਸੇਵਾਵਾਂ ਲਓ।

Financial contribution from
Avec le financement de
Public Health Agency of Canada
Agence de la santé publique du Canada

Metropolis Institute - Institut

MedComm (ਮੈਕਗਿਲ ਮੈਡੀਕਲ ਸਟੂਡੈਂਟਸ ਸੁਸਾਇਟੀ ਦਾ ਇੱਕ ਆਊਟਰੀਚ ਕਲੱਬ) ਦੁਆਰਾ ਪ੍ਰਮਾਣਿਤ।

Vaccine Uptake Network · Réseau Adhésion Vaccination

**ਹੋਰ ਜਾਣਨਾ ਚਾਹੁੰਦੇ ਹੋ?**

- "Get a booster dose" (April, 2022)
- "COVID-19 Vaccine Boosters" (April, 2022)